ਮਹੀਨਾ-ਦਸੰਬਰ/ਜਨਵਰੀ

ਤਿਆਰ ਕਰਤਾ- ਰਜਵੰਤ ਕੌਰ ਪੰਜਾਬੀ ਮਿਸਟ੍ਰੈੱਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾੜੀ ਬੁੱਚਿਆਂ ਗੁਰਦਾਸਪੁਰ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵਿਦਿਆਰਥੀਆਂ ਲਈ ਛਪਦੇ ਰਿਸਾਲੇ ਮੰਗਵਾਉਣ ਲਈ ਸੰਪਾਦਕ ,ਮੈਗਜ਼ੀਨ ਸੈਕਸ਼ਨ ਨੂੰ ਬਿਨੈ-ਪੱਤਰ ਲਿਖੋ।

ਸੇਵਾ ਵਿਖੇ,

ਸੰਪਾਦਕ,

ਮੈਗਜ਼ੀਨ ਸੈਕਸ਼ਨ,

ਪੰਜਾਬ ਸਕੂਲ ਸਿੱਖਿਆ ਬੋਰਡ,

ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਸ੍ਰੀਮਾਨ ਜੀ,

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵਿਦਿਆਰਥੀਆਂ ਲਈ ਪ੍ਰਕਾਸ਼ਿਤ ਹੁੰਦੇ 'ਰਿਸਾਲੇ ਪੰਖੜੀਆਂ' , 'ਪ੍ਰੀਤਲੜੀ' ,'ਆਲ਼ੇ-ਭੋਲ਼ੇ' , 'ਪ੍ਰਾਇਮਰੀ ਸਿੱਖਿਆ' ਸਾਡੇ ਸਕੂਲ ਦੀ ਲਾਇਬ੍ਰੇਰੀ ਵਿੱਚ ਆਉਂਦੇ ਹਨ।ਮੈਨੂੰ ਇਹ ਰਿਸਾਲੇ ਬਹੁਤ ਚੰਗੇ ਲੱਗਦੇ ਹਨ।ਇਹਨਾਂ ਦੀ ਮਿਆਰੀ ਸਮੱਗਰੀ ਗਿਆਨ-ਵਧਾਊ ਅਤੇ ਪ੍ਰੇਰਨਾਦਾਇਕ ਹੁੰਦੀ ਹੈ।ਮੈਂ ਚਾਹੁੰਦਾ ਹਾਂ ਕਿ ਇਹ ਰਿਸਾਲੇ ਮੇਰੇ ਛੋਟੇ ਭੈਣ-ਭਰਾ ਵੀ ਪੜ੍ਹਨ।

ਮੈਂ ਉਪਰੋਕਤ ਰਿਸਾਲਿਆਂ ਦਾ ਸਾਲਾਨਾ ਚੰਦਾ ਡ੍ਰਾਫ਼ਟ ਰਾਹੀਂ ਭੇਜ ਰਿਹਾ ਹਾਂ।ਕਿਰਪਾ ਕਰਕੇ ਇਹ ਰਿਸਾਲੇ ਮੈਨੂੰ ਛੇਤੀ ਤੋਂ ਛੇਤੀ ਭੇਜਣ ਦੀ ਖੇਚਲ਼ ਕਰਨੀ।

ਧੰਨਵਾਦ ਸਹਿਤ।

ਆਪ ਦਾ ਸ਼ੁੱਭਚਿੰਤਕ,

ਮਿਤੀ: **12** ਦਸੰਬਰ **20...**

ਮਨਜੀਤ ਸਿੰਘ,

ਪਿੰਡ ਤੇ ਡਾਕਖ਼ਾਨਾ: ਮਾੜੀ ਬੁੱਚਿਆਂ,

ਜ਼ਿਲ੍ਹਾ: ਗੁਰਦਾਸਪੁਰ।